ਗੁਰੂ ਨਾਨਕ - ਸਬਦ ੩੬

ਰਾਤੀ ਰੁਤੀ ਥਿਤੀ ਵਾਰ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥੩੪॥

ਸਾਰ: ਕੁਦਰਤ ਦੀ ਅਨੇਕਤਾ ਸੰਸਾਰ ਨੂੰ ਚਲਾਉਣ ਹਿੱਤ ਰਲ-ਮਿਲ ਇਕ ਦੂਜੇ ਨੂੰ ਸਮਰਥਨ ਦੇਣ ਲਈ ਤਤਪਰ ਰਹਿੰਦੀ ਹੈ। ਉਨ੍ਹਾਂ ਦੇ ਲੱਛਣ ਅੱਡਰੇ ਹੋਣ ਦੇ ਬਾਵਜੂਦ ਉਹ ਅੰਦਰੋਂ ਮੂਲ ਨਾਲ ਜੁੜੇ ਹੋਏ ਹਨ, ਕਿਉਂ ਕਿ ਉਹ ਪੰਜ ਇਕੋ ਜਿਹੇ ਜ਼ਰੂਰੀ ਤੱਤਾਂ ਤੋਂ ਬਣੇ ਹੋਏ ਹਨ। ਜਦੋਂ ਉਹ ਇਕੱਠੇ ਸਚ ਭਾਵਨਾ ਨਾਲ ਕਾਰਜ ਕਰਦੇ ਹਨ, ਤਾਂ ਇਕਸੁਰਤਾ ਪੈਦਾ ਹੁੰਦੀ ਹੈ।

ਰਾਤੀ ਰੁਤੀ ਥਿਤੀ ਵਾਰ ॥
ਰਾਤ, ਰੁੱਤਾਂ, ਦਿਨ ਅਤੇ ਹਫ਼ਤੇ,

ਪਵਣ ਪਾਣੀ ਅਗਨੀ ਪਾਤਾਲ ॥
ਹਵਾ, ਪਾਣੀ, ਅੱਗ ਅਤੇ ਪਤਾਲ

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥

ਇਹ ਸਾਰੇ ਤੱਤ ਸੰਸਾਰ ਦੇ ਕੰਮਕਾਜ ਨੂੰ ਸੁਗਮ ਬਣਾਉਣ ਲਈ ਧਰਮ ਖੰਡ ਦੇ ਖੇਤਰ ਵਿੱਚ ਇਕਸੁਰਤਾ ਨਾਲ ਕਾਰ ਕਰਦੇ ਹਨ।

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥

ਸੰਸਾਰ ਵਿੱਚ ਵੰਨ ਸੁਵੰਨੇ ਜੀਵ ਹਨ ਜਿਨ੍ਹਾਂ ਦੀ ਅਨੇਕਤਾ ਭਰਪੂਰ ਜੀਵਨ ਸ਼ੈਲੀ ਹੈ।

ਤਿਨ ਕੇ ਨਾਮ ਅਨੇਕ ਅਨੰਤ ॥

ਇਸ ਅਨੇਕਤਾ ਦੀ ਪਹਿਚਾਣ ਵੱਖ-ਵੱਖ ਅਣਗਿਣਤ ਰੂਪਾਂ ਵਿੱਚ ਹੈ।

ਕਰਮੀ ਕਰਮੀ ਹੋਇ ਵੀਚਾਰੁ ॥

ਜੋ ਆਪਣੀ ਕਿਰਿਆ ਅਤੇ ਕੰਮਾਂ ਦੇ ਅਨੁਸਾਰ ਵਿਚਾਰ-ਵਿਟਾਂਦਰਾ ਕਰਦੇ ਹਨ।

ਸਚਾ ਆਪਿ ਸਚਾ ਦਰਬਾਰੁ ॥

ਖ਼ਾਲਸ ਚੇਤਨਾ ਸੱਚੇ ਸਾਥਾਂ ਨੂੰ ਭਾਲਦੀ ਹੈ।

ਤਿਥੈ ਸੋਹਨਿ ਪੰਚ ਪਰਵਾਣੁ ॥

ਅਦਭੁਤ ਜੀਵ ਜੋ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ ਪੰਜ ਤੱਤਾਂ ਦਾ ਸੁਮੇਲ ਹਨ।

ਨਦਰੀ ਕਰਮਿ ਪਵੈ ਨੀਸਾਣੁ ॥

ਆਪਣੇ ਕਰਮਾਂ ਅਨੁਸਾਰ ਕਿਸੇ ਦੀ ਪਛਾਣ ਹੁੰਦੀ ਹੈ।

ਕਚ ਪਕਾਈ ਓਥੈ ਪਾਇ ॥

ਆਪਣੇ ਕਰਮਾਂ ਉਪਰ ਚਿੰਤਨ ਕੀਤਿਆਂ ਨਾਜ਼ੁਕ ਮਨ ਰੂਹਾਨੀ ਤਾਕਤ ਪ੍ਰਾਪਤ ਕਰਦਾ ਹੈ।

ਨਾਨਕ ਗਇਆ ਜਾਪੈ ਜਾਇ ॥੩੪॥

ਨਾਨਕ ਨਿਰਧਾਰਤਿ ਕਰਦੇ ਹਨ ਕਿ ਆਤਮ-ਚਿੰਤਨ ਹੀ ਮੁਕਤੀ ਪ੍ਰਾਪਤ ਦਾ ਮਾਰਗ ਹੈ। (੩੪)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਆਤਮ-ਚਿੰਤਨ ਅਤੇ ਆਪਣੇ ਅਸਲੀ ਰੂਹਾਨੀ ਸੁਭਾਅ ਨੂੰ ਸਮਝਣਾ ਗਿਆਨ ਪ੍ਰਾਪਤੀ ਲਈ ਪਹਿਲਾ ਕਦਮ ਹੈ। ਆਪਣੇ ਆਪ ਨੂੰ ਇੱਕ ਵੱਡੇ, ਅੰਤਰਸੰਬੰਧਿਤ ਬ੍ਰਹਿਮੰਡੀ ਤਾਣੇ-ਬਾਣੇ ਦੇ ਹਿੱਸੇ ਵਜੋਂ ਦੇਖਣਾ ਸਾਡੇ ਕਰਮਾਂ ਨੂੰ ਪਰਉਪਕਾਰੀ ਬਣਾਉਂਦਾ ਹੈ, ਜੋ ਰੂਹਾਨੀ ਸਮਰੱਥਾ ਵੱਲ ਲੈ ਜਾਂਦੇ ਹਨ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**